# ਵਾਦ

ਪ੍ਰਸ਼ਨ1. ਵਾਦ ਕੀ ਹੈ? ਵਾਦਾਂ ਦਾ ਵਰਗੀਕਰਨ ਕਰੋ?

ਉੱਤਰ **ਵਾਦ:-**

ਵਾਦ ਸ਼ਬਦ ਦਾ ਸ਼ਾਬਦਿਕ ਅਰਥ ਹੈ ਵਾਦਨੀਆਂ ਭਾਵ ਵਜਾਉਣ ਜੋਗ ਜੰਤਰ। ਵਾਦ ਸ਼ਬਦ 'ਵਦ' ਧਾਤੂ ਤੋਂ ਬਣਿਆ ਹੈ। 'ਵਦਤੀਤਿ ਵਾਦਯਮ' ਕਹਿ ਕੇ ਵਾਦ ਸ਼ਬਦ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਜਿਸਦਾ ਅਰਥ ਹੈ ਜੋ ਬੋਲਦਾ ਹੈ ਉਹੀ ਅਸਲ ਵਿੱਚ ਵਾਦ ਹੈ। ਅਸਲ ਵਿੱਚ ਜੇ ਅਸੀਂ ਧਿਆਨ ਨਾਲ ਸੁਣੀਏ ਤਾਂ ਸਾਨੂੰ ਹਰ ਵਾਦ ਤੋਂ ਸੁਰ ਅਤੇ ਉਨ੍ਹਾਂ ਵਿੱਚ ਬਣੇ ਸ਼ਬਦਾਂ ਦਾ ਸਪਸ਼ਟ ਉਚਾਰਣ ਸੁਣਾਈ ਦਿੰਦਾ ਹੈ। ਇਹੋ ਕਾਰਨ ਹੈ ਕਿ ਲੋਕ ਸੰਗੀਤ ਵਾਦਾਂ ਦੀ ਆਵਾਜ਼ ਨਾਲ ਪ੍ਰਭਾਵਿਤ ਹੋ ਕੇ ਝੂਮਣ ਲਗਦੇ ਹਨ। ਭਾਵੇਂ ਉਹ ਸੰਗੀਤ ਤੋਂ ਜਾਣੂ ਨਾ ਹੋਣ। ਜੋ ਵਾਦਕ ਜਿੰਨਾ ਸਿਆਣਾ ਹੋਵੇਗਾ, ਉਸਦਾ ਵਾਦ ਉਨਾਂ ਹੀ ਬੋਲਦਾ ਨਜ਼ਰ ਆਵੇਗਾ, ਅਤੇ ਸੁਣਨ ਵਾਲਿਆਂ ਦੇ ਮੂੰਹ ਆਪ ਮੁਹਾਰੇ ਹੀ ਨਿਕਲਦਾ ਹੈ ਕਿ ਇਹ ਵਾਦ ਤਾਂ ਬੋਲਦਾ ਨਜ਼ਰ ਆਉਂਦਾ ਹੈ।

ਵਾਦਾਂ ਦੀ ਆਵਾਜ਼ ਦੇ ਉਤਪਾਦਨ ਦੀ ਵਿਵਸਥਾ ਦੇ ਆਧਾਰ ਤੇ ਹੀ ਵਾਦਾਂ ਦੇ ਚਾਰ ਵਰਗੀਕਰਣ ਕੀਤੇ ਜਾਂਦੇ ਹਨ:-

1. ਤੱਤ ਵਾਦ ਜਾਂ ਤੰਤੀ ਵਾਦ
2. ਸੁਸ਼ਿਰ ਵਾਦ
3. ਅਵਨੱਧ ਵਾਦ
4. ਘਨ ਵਾਦ

**ਤੱਤ ਵਾਦ:-**

ਲੱਕੜੀ ਦੇ ਬਣੇ ਢਾਂਚੇ ਤੇ ਤਾਰਾਂ, ਲੋਹੇ ਦੀਆਂ ਤਾਰਾਂ ਕਸ ਕੇ ਉਨ੍ਹਾਂ ਨੂੰ ਮਿਜ਼ਰਾਬ ਜਾਂ ਉਂਗਲੀਆਂ

ਦੁਆਰਾ ਚੋਟ ਕਰਕੇ ਆਵਾਜ਼ ਪੈਦਾ ਕਰਨ ਵਾਲੇ ਵਾਦ ਤੱਤ ਵਾਦ ਕਹਾਉਂਦੇ ਹਨ। ਤਤ ਵਾਦਾ ਨੂੰ ਤੰਤ ਵਾਦ ਵੀ ਕਿਹਾ ਜਾਂਦਾ ਹੈ ਕਿਉਂਕਿ ਇਹਨਾ ਵਾਦਾਂ ਵਿਚ ਤਾਰ ਲੱਗੇ ਹੁੰਦੇ ਹਨ। ਤੰਤ ਵਾਦ ਹੇਠ ਲਿਖੇ ਪ੍ਰਕਾਰ ਦੇ ਹੁੰਦੇ ਹਨ:-

1. ਸਿਤਾਰ :-

ਸਿਤਾਰ ਭਾਰਤੀ ਸੰਗੀਤ ਦਾ ਮਹੱਤਵਪੂਰਨ ਸਾਜ਼ ਹੈ ਪ੍ਰਾਚੀਨ ਕਾਲ ਤੋਂ ਹੀ ਇਸਦਾ ਪ੍ਰਚਲਨ ਚੱਲਿਆ ਆ ਰਿਹਾ ਹੈ। ਮੁਸਲਮਾਨ ਕਾਲ ਵਿਚ ਅਮੀਰ ਖੁਸਰੋ ਨੇ ਇਸ ਨੂੰ ਨਵਾਂ ਰੂਪ ਦੇ ਕੇ ਇਸਦਾ ਨਾਮ ਸੇਹਤਾਰ ਰੱਖਿਆ। ਸੇਹ ਦਾ ਅਰਥ ਹੈ 'ਤਿੰਨ'। ਉਸ ਵੇਲੇ ਇਸ ਵਾਦ ਵਿਚ ਤਿੰਨ ਤਾਰਾ ਵਰਤੀਆਂ ਜਾਂਦੀਆਂ ਸਨ। ਤਾਨਸੈਨ ਦੇ ਵੰਸ਼ਜ ਅੰਮ੍ਰਿਤ ਸੈਨ ਅਤੇ ਨਿਹਾਲ ਸੈਨ ਨੇ ਸਿਤਾਰ ਵਿਚ ਦੋ ਤਾਰ ਹੋਰ ਜੋੜ ਕੇ ਇਸਦੀ ਗਿਣਤੀ ਪੰਜ ਕਰ ਦਿੱਤੀ। ਇਸ ਤੋਂ ਬਾਅਦ ਮਸੀਤ ਖਾਂ ਅਤੇ ਸੁਜੀਤ ਖਾਂ ਨੇ ਦੋ ਤਾਰਾਂ ਹੋਰ ਜੋੜ ਦਿੱਤੀਆਂ ਤੇ ਤਾਰਾਂ ਦੀ ਗਿਣਤੀ ਸੱਤ ਕਰ ਦਿੱਤੀ। ਉਸ ਨੇ ਸਿਤਾਰ ਵਿਚ ਰਤ ਪਰਦੇ ਲਗਾ ਦਿੱਤੇ। ਇਹਨਾਂ ਤੋਂ ਬਾਅਦ ਇਮਦਾਦ ਖਾਂ ਨੇ ਪਰਦਿਆਂ ਦੀ ਗਿਣਤੀ ਘਟਾ ਕੇ 19 ਕਰ ਦਿੱਤੀ। ਮੁੱਖ ਤਾਰ ਦੇ ਹੇਠਾਂ 11 ਤਰਬ ਦੀਆਂ ਤਾਰਾਂ ਜੋੜ ਦਿੱਤੀਆਂ ਜਿਨ੍ਹਾਂ ਨੂੰ ਰਾਗ ਦੇ ਸੁਰਾਂ ਦੇ ਮੁਤਾਬਿਕ ਮਿਲਾਈਆਂ ਜਾਂਦੀਆਂ ਸੀ।

੨. ਤਾਨਪੁਰਾ :-

(ਭਾਰਤੀ ਸੰਗੀਤ ਵਿੱਚ ਤਾਨਪੁਰੇ ਦਾ ਮਹੱਤਵ ਪੂਰਨ ਸਥਾਨ ਹੈ।) ਤਾਨਪੁਰੇ ਦੀ ਸੰਗੀਤ ਨਾਲ ਗਾਇਕ ਆਪਣੀ ਆਵਾਜ਼ ਦੀ ਮੁਤਾਬਿਕਤਾ ਨੂੰ ਸਵਾਰਦਾ। ਇਸ ਵਾਦ ਨਾਲ ਇਕ ਤਰ੍ਹਾ ਦੀ ਧੁਨ ਜਿਹੀ ਨਿਕਲਦੀ ਹੈ। ਜਿਸ ਨਾਲ ਗਾਇਕ

ਕਦੇ ਵੀ ਬੇਸੁਰਾ ਨਹੀਂ ਹੋ ਸਕਦਾ। ਇਸ ਕਰਕੇ ਇਸਨੂੰ ਭਾਰਤੀ ਸੰਗੀਤ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ। ਇਹ ਲਕੜੀ ਦਾ ਬਣਿਆ ਹੋਇਆ ਢਾਂਚਾ ਹੁੰਦਾ ਹੈ। ਜਿਸ ਉੱਪਰ ਚਾਰ ਤਾਰਾਂ ਲੱਗੀਆਂ ਹੁੰਦੀਆਂ ਹਨ। ਧਿਆਨ ਨਾਲ ਸੁਣਨ ਤੇ ਇਕ ਚਾਰ ਤਾਰਾਂ ਦੇ ਛਿੜਨ ਤੋਂ ਜੋ ਆਵਾਜ਼ ਪੈਦਾ ਹੁੰਦੀ ਹੈ, ਉਸ ਵਿਚੋਂ ਸੱਤ ਸੁਰਾਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਇਸਨੂੰ ਲੋੜ ਅਨੁਸਾਰ ਸ ਮ ਸ ਸ ਨਾਲ ਮਿਲਾਉਂਦੇ ਹਨ।

3. ਵੀਣਾ:-

ਭਾਰਤੀ ਸੰਗੀਤ ਦੀਆਂ ਬਰੀਕੀਆਂ ਨੂੰ ਦਿਖਾਉਣ ਵਾਲਾ ਇਹ ਭਾਰਤ ਦਾ ਪੁਰਾਣਾ ਵਾਜ ਹੈ। ਵੀਣਾ ਸ਼ਬਦ ਦਾ ਜਨਮ ਵੀਣਾ ਸ਼ਬਦ ਤੋਂ ਹੋਇਆ ਹੈ। ਜਿਸਦਾ ਭਾਵ ਹੈ ਕਿ ਸੰਗੀਤ ਭਰੀ ਆਵਾਜ਼। ਪਹਿਲਾਂ ਤਿੰਨ ਤਰ੍ਹਾਂ ਦਾ ਵੀਣਾ ਮਿਲਦਾ ਹੈ। ਨਾਰਦੀ ਵੀਣਾ, ਸਰਸਵਤੀ ਵੀਣਾ, ਵਿਚਿਤ੍ਰ ਵੀਣਾ। ਵੀਣਾ ਵਾਜ ਵਿਚ ਸੱਜੇ ਹੱਥ ਵਿਚ ਮਿਜ਼ਰਾਬ ਪਾਈ ਤਾਰ ਤੇ ਚੋਟ ਕਰਦੇ ਹਨ ਅਤੇ ਖੱਬੇ ਹੱਥ ਵਿਚ ਪਕੜੇ ਸ਼ੀਸ਼ੇ ਦੇ ਗੋਲੇ ਨਾਲ ਤਾਰ ਦੇ ਉੱਪਰ ਘਸੀਟ ਕੇ ਵਜਾਉਂਦੇ ਹਨ ਇਸ ਵਾਜ ਦੀ ਆਵਾਜ਼ ਬੜੀ ਮਿੱਠੀ ਹੁੰਦੀ ਹੈ ਅਤੇ ਇਸ ਵਿਚ ਮੀਂਡ ਗਮਕ ਦਾ ਕੰਮ ਬਹੁਤ ਚੰਗਾ ਦਿਖਾਇਆ ਜਾਂਦਾ ਹੈ।

4. ਸਾਰੰਗੀ:-

ਸਾਰੰਗੀ ਵਾਜ ਦੀ ਖੋਜ ਰਾਵਣ ਨੇ ਕੀਤੀ। ਅਮੀਰ ਖੁਸਰੋ ਨੇ ਇਸਦੇ ਆਕਾਰ ਅਤੇ ਰੂਪ ਨੂੰ ਬਦਲ ਕੇ ਇਸਦਾ ਨਾਮ ਸੌਰੰਗੀ ਰੱਖਿਆ। ਭਾਵ ਸੌ ਰੰਗ ਰਾਗਾਂ ਨੂੰ ਪੇਸ਼ ਕਰਨ ਵਾਲੀ। ਇਹੋ ਨਾਮ ਵਿਗੜ ਕੇ ਸਾਰੰਗੀ ਹੋ ਗਿਆ। ਮਹਾਨ ਸਾਰੰਗੀ ਵਾਦਕ ਰਾਮ ਨਾਰਾਇਣ ਦਾ ਕਹਿਣ

ਹੈ ਕਿ ਸਾਡਾ ਇਹ ਫੈਲੂ ਵਾਰ 'ਸਾਰੰਗੀ' ਸ਼ਬਦ ਦੀ ਖੋਜ ਹੈ। ਇਸਦਾ ਮੂਲ ਨਾਮ 'ਸ਼ਬਦ ਸੁਣਿਆ ਹੈ। ਇਸਦਾ ਵੇਸ ਸੁਰਾਂ ਨੂੰ ਤਰਨੋ ਅਤੇ ਗਾਇਕ ਨੂੰ ਉਤਸ਼ਾਹ ਦੇ ਕੇ ਲੱਗੀ ਈਰਖਾ ਵਾਸਤੇ ਉਦਾਹਰਨ ਹੈ। ਇਸ ਦੀਆਂ ਚਾਰ ਤਾਰਾਂ ਹੁੰਦੀਆਂ ਹਨ। ਇਸ ਦੀਆਂ ਤਿਨ ਤਾਰਾਂ ਤਾਂਬੇ ਦੀਆਂ ਅਤੇ ਚੌਥੀ ਤਾਰ ਲੋਹੇ ਦੀ ਹੁੰਦੀ ਹੈ। ਇਸਨੂੰ ਗਜ਼ ਨਾਲ ਵਜਾਇਆਂ ਜਾਂਦਾ ਹੈ।

5. **ਦਿਲਰੁਬਾ:-** ਇਹ ਸਿਤਾਰ ਅਤੇ ਸਾਰੰਗੀ ਦਾ ਮਿਲਿਆ ਜੁਲਿਆ ਰੂਪ ਹੈ। ਇਸਦਾ ਆਕਾਰ ਸਾਰੰਗੀ ਵਰਗਾ ਹੀ ਹੁੰਦਾ ਹੈ। ਪਰ ਤੋਤੇ ਦੀ ਲੰਬਾਈ ਕੁਝ ਤੋਂ ਜ਼ਿਆਦਾ ਹੁੰਦੀ ਹੈ। ਇਸ ਤੇ ਵੀ ਸਾਰੰਗੀ ਗਜ਼ ਨਾਲ ਚੱਟ ਦੀਤੀ ਜਾਂਦੀ ਹੈ। ਇਸ ਵਿਚ 19 ਸਾਰਿਕਾਵਾਂ ਹਨ ਜੋ ਸਰਕਣਯੋਗ ਹੁੰਦੀਆਂ ਹਨ। ਚਾਰ ਮੁੱਖ ਤਾਰਾਂ ਹੁੰਦੀਆਂ ਹਨ ਜੋ ਸਿਤਾਰ ਦੀਆਂ ਤਾਰਾਂ ਤੋਂ ਮੋਟੀਆਂ ਹੁੰਦੀਆਂ ਹਨ। ਦੋ ਤਾਰਾਂ ਪੀਤਲ ਦੀਆਂ ਹੁੰਦੀਆਂ ਹਨ। ਇਸ ਵਿਚ ਅਨੁਪਾਤੀ ਵਾਸਤੇ 22 ਤਰਬ ਦੀਆਂ ਤਾਰਾਂ ਹਨ।

6. **ਵਾਈਲਿਨ:-** ਇਹ ਵਿਦੇਸ਼ੀ ਸਾਜ਼ ਭਾਰਤ ਵਿਚ ਇਸ ਤਰ੍ਹਾਂ ਆਪਣਾ ਲਿਆ ਗਿਆ ਹੈ। ਕਿ ਹੁਣ ਇਹ ਭਾਰਤੀ ਸਾਜ਼ਾਂ ਦੀ ਸੂਚੀ ਵਿਚ ਗਿਣਿਆਂ ਜਾਣ ਲੱਗਾ ਹੈ। ਇਹ ਲੱਕੜੀ ਦਾ ਬਣਿਆ ਖੋਖਲਾ ਜਿਹਾ ਹੁੰਦਾ ਹੈ। ਜਿਸਦੇ ਉਪਰੀ ਸਿਰੇ ਤੇ ਲੱਗੀ ਖੂੰਜ ਦੇ ਉਪਰ ਤੋਂ 4 ਤਾਰਾਂ ਖਿੱਚੀਆਂ ਹਨ। ਇਹ ਅੰਦਰ ਤੋਂ ਖੋਖਲਾ ਹੁੰਦਾ ਹੈ। ਜਿਸ ਕਰਕੇ ਤਾਰਾਂ ਦੀ ਆਵਾਜ਼ ਗੂੰਜਦੀ ਹੈ। ਇਸ ਵਿਚ ਚਾਰ ਤਾਰਾਂ ਵਰਤੀਆਂ ਜਾਂਦੀਆਂ ਹਨ।

# ਸੁਸ਼ਿਰ ਵਾਦ

ਹਵਾ ਦੇ ਪ੍ਰਵੇਸ਼ ਨਾਲ ਸੁਰਾਂ ਨੂੰ ਜਨਮ ਦੇਣ ਵਾਲੇ ਸਾਜ਼ ਦੇ ਵਾਜੇ ਸੁਸ਼ਿਰ ਵਾਦ ਕਹਾਉਂਦੇ ਹਨ। ਪਹਿਲੀ ਤਰ੍ਹਾਂ ਦੇ ਸੁਸ਼ਿਰ ਵਾਦਾਂ ਵਿੱਚ ਹਵਾ ਮੂੰਹ ਨਾਲ ਪਹੁੰਚਾਈ ਜਾਂਦੀ ਹੈ ਅਤੇ ਦੂਸਰੀ ਤਰ੍ਹਾਂ ਦੇ ਵਾਦ ਵਿੱਚ ਹਵਾ ਧੌਂਕਣੀ ਨਾਲ ਜਿਵੇਂ ਹਾਰਮੋਨੀਅਮ ਆਦਿ।

**ਬਾਂਸੁਰੀ:-** ਇਹ ਬਾਂਸ ਦੀ ਬਣੀ ਹੁੰਦੀ ਹੈ। ਪਰੰਤੂ ਅਸਲ ਵਿੱਚ ਲੋਹੇ, ਤਾਂਬੇ, ਚਾਂਦੀ ਅਤੇ ਸੋਨੇ ਦੀ ਬਾਂਸੁਰੀ ਵੀ ਬਣਾਈ ਹੁੰਦੀ ਹੈ। ਇਸ ਵਿੱਚ ਉਂਗਲੀਆਂ ਨਾਲ ਮੂੰਹ ਨਾਲ ਫੂਕ ਮਾਰਨ ਦੀ ਜ਼ਰੂਰਤ ਪੈਂਦੀ ਹੈ। ਕਲਾਕਾਰ ਆਪਣੀ ਮਰਜ਼ੀ ਮੁਤਾਬਿਕ ਬਾਂਸੁਰੀ ਦੀ ਲੰਬਾਈ ਰਖਵਾਂਦੇ ਹਨ। ਇਸ ਲਈ ਇਸ ਦੀ ਕੋਈ ਨਿਸ਼ਚਿਤ ਲੰਬਾਈ ਨਹੀਂ ਹੈ। ਇਸ ਵਿੱਚ ਆਮ ਤੌਰ ਤੇ 6 ਛੇਕ ਹੁੰਦੇ ਹਨ। ਇਨ੍ਹਾਂ ਸਾਰੇ ਛੇਕਾਂ ਨੂੰ ਜੇ ਹੱਥ ਦੀਆਂ ਉਂਗਲੀਆਂ ਨਾਲ ਬੰਦ ਕਰਕੇ ਹਵਾ ਭਰੀਏ ਤਾਂ ਮੰਦਰ ਸਪਤਕ ਦੇ ਪੰਚਮ ਦੀ ਅਵਾਜ਼ ਪੈਦਾ ਹੁੰਦੀ ਹੈ। ਹੁਣ ਇਕ-2 ਉਂਗਲੀ ਚੁੱਕ ਕੇ ਫੂਕ ਮਾਰਨ ਨਾਲ ਕ੍ਰਮਵਾਰ ਧ, ਨਿ, ਸ, ਰੇ, ਗਾ, ਮ ਸੁਰ ਨਿਕਲਦੇ ਹਨ। ਕੋਮਲ ਸੁਰ ਵਾਸਤੇ ਛੇਕ ਨੂੰ ਅੱਧਾ ਖੁੱਲ੍ਹਿਆ ਰਹਿਣ ਦੇਂਦੇ ਹਨ ਅਤੇ ਅੱਧਾ ਬੰਦ। ਜੇ ਤਾਰ ਸਪਤਕ ਦੇ ਸੁਰ ਵਜਾਉਣੇ ਹੋਣ ਤਾਂ ਦੁਗਣੇ ਜ਼ੋਰ ਨਾਲ ਫੂਕ ਮਾਰਨੀ ਪੈਂਦੀ ਹੈ।

**ਸ਼ਹਿਨਾਈ:-** ਸ਼ਹਿਨਾਈ ਵਾਦ ਧਤੂਰੇ ਦੇ ਫੁੱਲ ਦੀ ਬਣਾਵਟ ਵਾਲਾ ਵਾਦ ਸੀਸ਼ਮ ਜਾਂ ਰਕਤ ਚੰਦਨ

ਦੀ ਲੱਕੜੀ ਦਾ ਬਣਿਆ ਹੁੰਦਾ ਹੈ। ਇਹ ਖੁਸ਼ੀ ਦੇ ਮੌਕੇ ਤੇ ਵਜਾਉਣ ਵਾਲਾ ਵਾਜ ਹੈ। ਇਸ ਨੂੰ ਦੋ ਵਾਦਕ ਵਜਾਉਂਦੇ ਹਨ। ਇਸ ਨੂੰ ਵਜਾਉਂਦੇ ਵੇਲੇ ਮੂੰਹ ਵਿਚ ਲਗਾਤਾਰ ਸਾਹ ਰਹਿਣਾ ਚਾਹੀਦਾ ਹੈ ਅਤੇ ਉਸਨੂੰ ਸੁਰਾਂ ਵਾਸਤੇ ਛੱਡਦੇ ਰਹਿਣਾ ਚਾਹੀਦਾ ਹੈ। ਇਸਨੂੰ ਨੱਕਸਾਂਸੀ ਵਾਜ ਵੀ ਕਹਿੰਦੇ ਹਨ ਕਿਉਂਕਿ ਨਕ ਨਾਲ ਬਰਾਬਰ ਸਾਹ ਲੈਣਾ ਪੈਂਦਾ ਹੈ। ਇਸ ਵਿਚ ਮੂੰਹ ਨਾਲ ਹਵਾ ਭਰ ਕੇ ਆਵਾਜ ਪੈਦਾ ਕੀਤੀ ਜਾਂਦੀ ਹੈ। ਇਸ ਵਿਚ ਰੀਡਸ ਲੱਗੀਆ ਹੁੰਦੀਆਂ ਹਨ। ਇਸਦਾ ਨਾਦ ਕੋਮਲਤਰ ਹੁੰਦਾ ਹੈ। ਇਸਦੀ ਗੰਭੀਰ ਅਤੇ ਮਿੱਠੀ ਆਵਾਜ਼ ਬੜੀ ਮਨਮੋਹਕ ਹੁੰਦੀ ਹੈ। ਇਹ ਸੰਗੀਤ ਵਾਸਤੇ ਵਧੀਆਂ ਉੱਤਮ ਵਾਜ ਹੈ। ਅੱਜ ਇਹ ਛੈਂਕਾਰੀ ਵਾਦਨ ਵਿਚ ਮੁੱਖ ਜਗ੍ਹਾ ਰੱਖਣ ਲੱਗ ਪਿਆ ਹੈ।

**ਸੰਖ:-** ਬਿਨ੍ਹਾਂ ਨਕਸ਼ ਦੇ ਸੰਖ ਦੀ ਧੁਨੀ ਨੂੰ ਚੌਰ ਦੇ ਉਸ ਦੇ ਸਿਖਰ ਵਿਚ ਇਕ ਛੇਦ ਬਾਹਰ ਤੋਂ ਅੱਧਾ ਉਂਗਲ ਅਤੇ ਅੰਦਰ ਉਦਰ ਦੇ ਨਾਪ ਦਾ ਕਰਦੇ ਹਨ। ਇਸਨੂੰ ਹੱਥਾਂ ਨਾਲ ਪਕੜ ਕੇ ਮੂੰਹ ਰਾਹੀਂ ਪੂਰੇ ਜ਼ੋਰ ਨਾਲ ਫੂਕ ਮਾਰ ਕੇ ਆਵਾਜ਼ ਪੈਦਾ ਕਰਦੇ ਹਨ। ਇਸ ਦੇ ਸ਼ਬਦ ਹੂ, ਧੁੰ ਤੋਂ ਡਿਗਦਾ ਤੀ ਆਦਿ ਹੁੰਦੇ ਹਨ।

**ਹਾਰਮੋਨੀਅਮ:-** ਇਹ ਵਿਦੇਸ਼ੀ ਵਾਜ ਅੱਜ ਭਾਰਤੀ ਵਾਜ ਬਣ ਚੁੱਕਾ ਹੈ। ਇਸਦਾ ਅੱਜ ਭਾਰਤ ਵਿਚ ਬਹੁਤ ਪ੍ਰਚਾਰ ਹੈ ਕਿਉਂਕਿ ਇਹ ਇਕ ਬਹੁਤ ਹੀ ਆਸਾਨ ਵਾਜ ਹੈ। ਅਤੇ ਸ਼ੁਰੂ ਦੇ ਅਭਿਆਸ

ਵਾਂਸਤੇ ਬਹੁਤ ਢੁਕੀਆ ਹੈ। ਇਸ ਵਿਚ ਇੰਨਾ ਸਪਤਕਾ ਤਕ ਆਸਾਨੀ ਨਾਲ ਗਾਇਆ ਜਾਂਦਾ ਹੈ। ਇਸ ਵਿਚ ਪਿੱਛੇ ਲੱਗੇ ਪਰਦੇ ਨੂੰ ਹਿਲਾ ਕੇ ਅੱਗੇ ਲੱਗੇ ਪਰਦਿਆਂ ਉੱਤੇ ਉਂਗਲੀਆਂ ਨਾਲ ਆਵਾਜ਼ ਪੈਦਾ ਹੁੰਦੀਆ ਹਨ।

ਬੀਨ :-

ਬੀਨ ਦੋ ਤੂੰਬਾਂ ਦੀ ਹੁੰਦੀ ਹੈ। ਇਕ ਵਿਚ ਤਾਂ ਮੂੰਹ ਨਾਲ ਹਵਾ ਭਰ ਕੇ ਆਵਾਜ਼ ਪੈਦਾ ਕਰਦੇ ਹਨ ਅਤੇ ਦੂਸਰੀ ਵਿਚ ਪੈਦਾ ਹੋਣੀ ਰਹੀ ਹਵਾ ਤਰ ਕੇ ਆਵਾਜ਼ ਪੈਦਾ ਕੀਤੀ ਜਾਂਦੀ ਹੈ। ਇਸ ਵਿਚ ਬੜੀ ਸਸਤੀ ਤਰ੍ਹਾਂ ਹੁੰਦੀ ਹੈ। ਅਤੇ ਇਹ ਬਹੁਤ ਮਧੁਰ ਵਾਦ ਹੈ। ਇਸਦੀ ਆਵਾਜ਼ ਸੁਣ ਕੇ ਸੱਪ ਝੂਮਣ ਲੱਗ ਜਾਂਦੇ ਹਨ।

## ਅਵਨੱਧ

ਚਮ ਨਾਲ ਮੜ੍ਹੇ ਵਾਦ ਜੋ ਦੋਨਾਂ ਹੱਥਾਂ ਦੇ ਮੇਲ ਨਾਲ ਵਜਾਏ ਹਨ। ਉਹ ਅਵਨੱਧ ਵਾਦ ਕਹਾਉਂਦੇ ਹਨ। ਇਹ ਵਾਦ ਵਿਚਕਾਰੋਂ ਖੋਖਲੇ ਹੁੰਦੇ ਹਨ। ਅਤੇ ਉਪਰ ਤੋਂ ਚਮੜੇ ਨਾਲ ਮੜ੍ਹੇ ਹੁੰਦੇ ਹਨ। ਤਾਲ ਦੇ ਵਾਂਗ ਹੋਣ ਕਰਕੇ ਕਈ ਇਸਨੂੰ ਤਾਲ ਵਾਦ ਵੀ ਕਹਿੰਦੇ ਹਨ।

ਪਖਾਵਜ :-

ਇਸ ਵਾਦ ਦੀ ਅਵਾਜ ਗੰਭੀਰ ਹੁੰਦੀ ਹੈ। ਇਹ ਮਿਰਦੰਗ ਤੋਂ ਕੁਝ ਛੋਟਾ ਹੁੰਦਾ ਹੈ ਇਹ ਉਤਰ ਭਾਰਤ ਵਿਚ ਧਰੁਪਦ ਤੇ ਧਮਾਰ ਗਾਇਕੀ ਦੇ ਨਾਲ ਵਜਾਇਆਂ ਜਾਂਦਾ ਹੈ। ਜੇ ਦੋਨੋਂ ਤਬਲੀਆਂ ਨੂੰ ਇਕੱਠਾ ਕਰ ਦੇਈਏ ਤਾਂ ਇਹ ਪਖਾਵਜ ਬਣ ਜਾਂਦਾ ਹੈ।

**ਮਿਰਦੰਗ :-**

। ਇਹ ਪ੍ਰਾਚੀਨ ਭਾਰਤੀ ਵਾਜ ਹੈ । ਕੁਝ ਵਿਦਵਾਨ ਦੇ ਤਬਲੇ ਦਾ ਸੰਬੰਧ ਵੀ ਮਰਦੰਗ ਨਾਲ ਜੋੜਦੇ ਹਨ । ਅਤੇ ਕੁਝ ਮਹੇਸ਼ ਜੀ ਨੂੰ ਹੀ ਇਸ ਵਾਜ ਦਾ ਰਚਿਅਤਾ ਮੰਨਦੇ ਹਨ । ਕਿਹਾ ਜਾਂਦਾ ਹੈ ਕਿ ਦੇਵਾਸੁਰ ਸੰਗ੍ਰਾਮ ਵਿਚ ਸ੍ਰ ਨਾਸੁਰ ਦੈਂਤ ਨੂੰ ਮਾਰ ਕੇ ਗਣਪਤੀ ਨੇ ਉਸ ਦੀ ਖੱਲ ਨਾਲ ਮੜ੍ਹ ਕੇ ਇਸ ਵਾਜ ਦੀ ਖੋਜ ਕੀਤੀ । ਇਸ ਲਈ ਪਹਿਲਾ ਇਸ ਦਾ ਨਾਮ ਮ੍ਰਜ ਪਿਆ । ਗਣਪਤੀ ਤੋਂ ਇਲਾਵਾ ਇੰਦਰ ਨੂੰ ਵੀ ਮਰਦੰਗ ਵਿਦਿਆ ਵਿਚ ਪਰਾਂਗਤ ਮੰਨਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਪੁੱਤਰ ਅਰਜਨ ਨੇ ਵੀ ਇਸ ਵਾਜ ਵਿਚ ਖਾਸ ਕੁਸ਼ਲਤਾ ਪ੍ਰਾਪਤ ਕੀਤੀ ਸੀ । ਸ਼ਾਇਦ 'ਮਰਦੰਗ ਅਰਜਨ' ਦੀ ਉਪਾਧੀ ਉਨ੍ਹਾਂ ਦੇ ਨਾਂ ਤੋਂ ਹੀ ਚਲੀ ਹੈ । ਸੰਗੀਤ ਦਾ ਸੰਬੰਧ ਹਮੇਸ਼ਾ ਹੀ ਦੇਵੀ ਦੇਵਤਾਵਾਂ ਦੀ ਸਾਧਨਾ ਨਾਲ ਰਿਹਾ ਹੈ । ਇਸ ਲਈ ਮਰਦੰਗ ਦੀ ਜਿਆਦਾ ਵਰਤੋਂ ਆਦਿਕਾਲ ਤੋਂ ਅੱਜ ਤੱਕ ਦੇਵੀ ਦੇਵਤਾਵਾਂ ਸੰਬੰਧੀ ਗਾਇਨ ਵਾਦਨ ਸ਼ੈਲੀਆਂ ਨਾਲ ਰਿਹਾ ਹੈ । ਇਸਦੇ ਸੱਜੇ ਅਤੇ ਖੱਬੇ ਦੋਨੋ ਪਾਸੇ ਮੂੰਹ ਚਮੜੇ ਨਾਲ ਮੜ੍ਹੇ ਹੁੰਦੇ ਹਨ । ਇਸਦਾ ਪਿੰਡ ~~ਲੱਕੜੀ~~ ਲਕੜੀ ਨਾਲ ਬਣਿਆ ਜਾਂਦਾ ਹੈ । ਇਸਨੂੰ ਗਲੇ ਵਿਚ ਪਾ ਕੇ ਖੜ੍ਹੇ ਹੋ ਕੇ ਜਾਂ ਸਾਹਮਣੇ ਰੱਖ ਕੇ ਬੈਠ ਕੇ ਵਜਾਉਂਦੇ ਹਨ । ਅੱਜ ਕੱਲ੍ਹ ਇਹ ਪ੍ਰਚਾਰ ਵਿਚ ਘੱਟ ਹੈ ।

**ਤਬਲਾ :-**

ਤਬਲੇ ਦੇ ਦੋ ਹਿੱਸੇ ਹੁੰਦੇ ਹਨ ਜਿਨ੍ਹਾਂ ਨੂੰ ਸੱਜਾ ਤਬਲਾ ਅਤੇ ਖੱਬਾ ਤਬਲਾ ਕਹਿੰਦੇ ਹਨ । ਸੱਜੇ ਹੱਥ ਨਾਲ ਵਜਣ ਵਾਲਾ ਤਬਲਾ ਸੱਜਾ ਅਤੇ ਖੱਬੇ ਹੱਥ ਨਾਲ ਵਜਣ ਵਾਲਾ ਤਬਲਾ ਖੱਬਾ ਤਬਲਾ

ਕਹਾਉਂਦਾ ਹੈ। ਸੱਜੇ ਹੱਥ ਦੇ ਤਬਲੇ ਦਾ ਮੂੰਹ ਛੋਟਾ ਚੌੜਾ ਅਤੇ ਹੇਠਾ ਦਾ ਜਿਆਦਾ ਚੌੜਾ ਹੁੰਦਾ ਹੈ। ਲਕੜੀ ਦੇ ਖੋਲ ਉਤੇ ਚਮੜਾ ਮੜ੍ਹਿਆ ਹੁੰਦਾ ਹੈ। ਜਿਸ ਨੂੰ ਪੁੜਾ ਕਹਿੰਦੇ ਹਨ। ਖੱਬੇ ਤਬਲੇ ਦਾ ਮੂੰਹ ਉੱਪਰ ਤੋ ਚੌੜਾ ਹੁੰਦਾ ਹੈ ਅਤੇ ਪੇਂਦਾ ਪਤਲਾ ਹੁੰਦਾ ਹੈ। ਇਸਨੂੰ ਡੁਗੀ ਕਹਿੰਦੇ ਹਨ। ਇਹ ਸੰਗੀਤ ਵਾਲਾ ਵਧੀਆ ਵਾਦ ਹੈ। ਸਿਤਾਰ, ਸਰੋਦ ਅਤੇ ਦੂਜੇ ਵਾਦਾ ਅਤੇ ਗਾਇਨ ਨਾਲ ਤਬਲਾ ਵਜਦਾ ਹੈ। ਇਕੱਲੀ ਵਾਦਨ ਦੇ ਨਾਲ ਤਬਲਾ ਵਜਦਾ ਹੈ।

**ਢੋਲਕ:-** ਇਹ ਲੰਬਾ ਜਿਹਾ ਖੋਲ ਦੋਨੋਂ ਪਾਸਿਆ ਤੋਂ ਚਮੜੇ ਨਾਲ ਮੜ੍ਹਿਆ ਹੁੰਦਾ ਹੈ। ਇਸਨੂੰ ਦੋਨਾ ਹੱਥਾ ਨਾਲ ਵਜਾਉਂਦੇ ਹਨ। ਇਹ ਕਾਫੀ ਮੁਰਦੰਗ ਨਾਲ ਮਿਲਦਾ ਜੁਲਦਾ ਹੈ ਇਸਦੇ ਉੱਪਰ ਰੱਸੀ ਖਿੱਚੀ ਹੁੰਦੀ ਹੈ। ਰੱਸੀ ਨੂੰ ਢਿੱਲਾ ਕਰਨ ਜਾਂ ਖਿੱਚਣ ਵਾਸਤੇ ਦੋ ਰੱਸੀਆਂ ਵਿਚ ਪਿੱਤਲ ਦੇ ਛੱਲੇ ਹੁੰਦੇ ਹਨ। ਜਿਨ੍ਹਾ ਨੂੰ ਸਰਕਾਉਣ ਨਾਲ ਆਵਾਜ ਨੂੰ ਵਧਾਇਆਂ ਜਾ ਘਟਾਇਆ ਜਾ ਸਕਦਾ ਹੈ। ਅੱਜਕਲ ਇਹ ਵਾਦ ਬਹੁਤ ਪ੍ਰਚਲਿਤ ਹੈ।

## ਘਣ ਵਾਦ

ਜਿਨ੍ਹਾਂ ਵਾਦਾਂ ਵਿੱਚ ਮੂੰਹ ਦੀ ਉੱਪਰੀ ਲਕੜੀ ਜਾਂ ਕਿਸੇ ਹੋਰ ਧਾਤੂ ਨਹੀਂ ਜਾ ਆਪਸ ਵਿਚ ਸੰਘਰਸ਼ ਨਾਲ ਹੁੰਦੀ ਹੈ ਉਹ ਘਣ ਵਾਦ ਕਹਾਉਂਦੇ ਹਨ। ਘਣ ਵਾਦ ਤਾਲ ਦੇ ਵਾਜੇ ਕਹਾਉਂਦੇ ਹਨ ਕਿਉਂਕਿ ਇਨ੍ਹਾਂ ਵਿਚੋਂ ਕੇਵਲ ਤਾਲ ਵਜਾਉਣ ਦੇ ਕੰਮ ਆਉਂਦੇ ਹਨ। ਜਿਵੇਂ ਮੰਜੀਰਾ, ਛੈਣੇ ਕਰਤਾਲ ਆਦਿ ਜਲਤਰੰਗ ਤੇ ਕਾਸ਼ਟਤਰੰਗ ਵੀ ਘਣ ਵਾਦ ਹੀ ਹਨ।

**ਜਲਤਰੰਗ:-** ਇਹ ਬੜਾ ਮਧੁਰ ਵਾਦ ਹੈ ਅਤੇ ਇਸਦਾ

ਵਾਦਨ ਆਕਾਰ ਹੁੰਦਾ ਹੈ। ਇਹ ਇਕ ਤਰ੍ਹਾਂ ਦੀਆਂ ਪਿਆਲੀਆਂ ਹੁੰਦੀਆਂ ਹਨ ਜਿਨ੍ਹਾਂ ਉੱਤੇ ਦੋਨਾਂ ਹੱਥਾਂ ਨਾਲ ਸੋਟੀ ਦੀ ਚੋਟ ਤੋਂ ਆਵਾਜ਼ ਪੈਦਾ ਹੁੰਦੀ ਹੈ। ਇਹ ਸੰਗਤ ਦੇ ਕੰਮ ਨਹੀਂ ਆਉਂਦਾ।

**ਕਾਸ਼ਟਤਰੰਗ:-** ਇਹ ਲਕੜੀ ਦੀ ਬਣੀ ਫੱਟੇ ਸਾਧ ਸੁਰਾਂ ਅਨੁਸਾਰ ਛੋਟੀਆਂ ਵੱਡੀਆਂ ਹੁੰਦੀਆਂ ਹਨ ਅਤੇ ਧਾਗੇ ਨਾਲ ਬੰਨ੍ਹ ਕੇ ਲਕੜੀ ਦੇ ਸਟੈਂਡ ਨਾਲ ਬੰਨ੍ਹੀਆਂ ਹੁੰਦੀਆਂ ਹਨ। ਇਸ ਨੂੰ ਲੱਕੜੀ ਦੇ ਹਥੌੜਿਆਂ ਨਾਲ ਵਜਾਉਂਦੇ ਹਨ। ਇਸਦੀ ਆਵਾਜ਼ ਸਪਤਕ ਦੇ 12 ਸੁਰਾਂ ਅਨੁਸਾਰ ਸੁਰ ਕੀਤੀ ਜਾਂਦੀ ਹੈ।

**ਬਾਂਸ ਤਰੰਗ:-** ਇਹ ਬਾਂਸ ਦੀਆਂ ਫੱਟੀਆਂ ਲੱਕੜੀ ਦੇ ਸਟੈਂਡ ਤੇ ਬੰਨ੍ਹੀਆਂ ਹੁੰਦੀਆਂ ਹਨ। ਇਸਨੂੰ ਲੱਕੜੀ ਦੀਆਂ ਦੇ ਹਥੌੜਿਆਂ ਨਾਲ ਵਜਾਉਂਦੇ ਹਨ।

**ਮੰਜੀਰਾ:-** ਇਹ ਪਿੱਤਲ ਦੇ ਬਣੇ ਹੋਏ 3"-4" ਵਿਆਸ ਦੇ ਜੋੜੀ ਮੰਜੀਰੇ ਇਕ ਰੱਸੀ ਨਾਲ ਬੱਝੇ ਹੁੰਦੇ ਹਨ। ਜਿਨ੍ਹਾਂ ਨੂੰ ਇਕ ਦੂਜੇ ਨਾਲ ਆਪਸ ਵਿਚ ਟਕਰਾ ਕੇ ਵਜਾਇਆ ਜਾਂਦਾ ਹੈ। ਇਹ ਤਾਲ ਵਾਦ ਅਤੇ ਗੀਤ ਦੀ ਸੰਗਤੀ ਵਿਚ ਜ਼ਿਆਦਾਤਰ ਵਰਤੇ ਜਾਂਦੇ ਹਨ। ਮੰਦਰ ਵਿਚ ਹੋਣ ਵਾਲੇ ਕੀਰਤਨਾਂ ਵਿਚ ਇਨ੍ਹਾਂ ਦਾ ਖਾਸ ਮਹੱਤਵ ਹੁੰਦਾ ਹੈ। ਪਿੰਡਾਂ ਦੀਆਂ ਕੁਝ ਮੰਡਲੀਆਂ ਜਦੋਂ ਮੰਜੀਰਾਂ ਦੀਆਂ ਵੱਡੀ ਜੋੜੀਆਂ ਨੂੰ ਇਕੱਠਾ ਵਜਾ ਕੇ ਕੁਝ ਗਾਉਂਦੀਆਂ ਹਨ ਤਾਂ ਇਕ ਸਮਾਂ ਜਿਹਾ ਬੱਝ ਜਾਂਦਾ ਹੈ। ਮੰਜੀਰਾ ਵਜਾਉਣ ਦਾ ਵੀ ਸਭ ਦਾ ਆਪਣਾ-2 ਢੰਗ ਹੈ। ਵੱਡੀ ਵਾਦਕ

ਖੁੱਲ੍ਹਾ ਵਜਾਉਂਦੇ ਹਨ। ਅਤੇ ਦੂਜੇ ਵਾਦਕ ਬੋਲ ਵਜਾਉਂਦੇ ਹਨ ਭਾਵ ਇਕ ਸੰਗੀਤ ਨੂੰ ਪੂਰਾ ਸੰਗੀਤ ਨਾਲ ਦੁਹਰਾ ਕੇ ਵਜਾਉਂਦੇ ਹਨ। ਦੂਜੀ ਵਾਰ ਢੋਲਕ ਅਤੇ ਤਬਲੇ ਤੇ ਵਜਾਏ ਜਾਣ ਵਾਲੇ ਬੋਲਾਂ, ਪਰਨਾਂ ਨੂੰ ਗਿਣਤੀ, ਵਕਤ, ਰਫ਼ਤਾਰ ਅਤੇ ਵੱਖ-2 ਲੈਕਾਰੀਆਂ ਨਾਲ ਦਿਖਾ ਸਕਦਾ ਹੈ।

**ਝਾਂਝ :-**

ਝਾਂਝ ਵੀ ਪਿੱਤਲ ਦੀ ਬਣੀ ਹੁੰਦੀ ਹੈ। ਅਤੇ ਇਸਦੀ ਵਰਤੋਂ ਜ਼ਿਆਦਾ ਤਰ ਮੰਦਰਾਂ ਅਤੇ ਧਾਰਮਿਕ ਸਮਾਗਮ ਵਿਚ ਗਾਏ ਜਾਣ ਵਾਲੇ ਭਜਨਾਂ ਨਾਲ ਹੁੰਦੀ ਹੈ। ਝਾਂਝ ਦੋ ਤਰ੍ਹਾਂ ਦੀ ਹੁੰਦੀ ਹੈ ਛੋਟੀ ਝਾਂਝ ਅਤੇ ਵੱਡੀ ਝਾਂਝ ਛੋਟੀ ਝਾਂਝ ਦੀ ਵਰਤੋਂ ਜ਼ਿਆਦਾਤਰ ਕੀਰਤਨ ਵਿਚ ਆਉਂਦੀ ਹੈ। ਇਹ ਖੁੱਲ੍ਹੀ ਆਵਾਜ਼ ਵਿਚ ਵੱਜਦੀ ਹੈ। ਵੱਡੀ ਝਾਂਝ ਦੀ ਵਰਤੋਂ ਢੋਲ, ਬੈਂਡ, ਸਰਕਸ ਅਤੇ ਆਰਕੈਸਟਰਾ ਵਿਚ ਚਮਤਕਾਰ ਪੈਦਾ ਕਰਨ ਵਾਸਤੇ ਕੀਤੀ ਜਾਂਦੀ ਹੈ।

**ਚਿਮਟਾ :-**

ਇਸਦੀ ਵਰਤੋਂ ਵੀ ਮੰਦਰਾਂ ਵਿਚ ਹੋਣ ਵਾਲੇ ਕੀਰਤਨਾਂ ਵਿਚ ਕੀਤੀ ਜਾਂਦੀ ਹੈ। ਇਸ ਅਕਸਰ ਸਾਧੂ ਮਹਾਤਮਾਵਾਂ ਦੇ ਹੱਥ ਵਿਚ ਚਿਮਟਾ ਦੇਖਿਆ ਜਾਂਦਾ ਹੈ। ਇਸ ਦੇ ਇਕ ਸਿਰੇ ਨੂੰ ਅੰਗੂਠੇ ਅਤੇ ਉਂਗਲੀਆਂ ਨਾਲ ਦਬਾ ਕੇ ਦੂਸਰੇ ਹੱਥ ਨਾਲ ਅਖੀਰੀ ਸਿਰੇ ਵਿਚ ਲਗੇ ਰਿੰਗ ਵੀ ਵਜਾ ਕੇ ਤਾਲ ਦਾ ਰਸ ਪੈਦਾ ਕੀਤਾ ਜਾਂਦਾ ਹੈ। ਪੰਜਾਬ ਵਿਚ ਚਿਮਟੇ ਦੇ ਵਿਚਕਾਰ ਦੇ ਸਿਰੇ ਵਿਚ ਛੋਟੇ ਜਾਂ ਪਿੱਤਲ ਦੇ ਗੋਲ ਟੁਕੜੇ ਲੱਗੇ ਹੁੰਦੇ ਹਨ ਜੋ ਚਿਮਟੇ ਦੇ ਵਜਣ ਨਾਲ ਉਨ੍ਹਾਂ ਵਿਚ ਛਣਕਾਰ ਪੈਦਾ ਹੁੰਦੀ ਹੈ ਚਿਮਟੇ ਦੀ ਆਵਾਜ਼ ਵਿਚ ਤਬਦੀਲੀ ਆ ਜਾਂਦੀ ਹੈ ਚਿਮਟੇ ਦੀ ਆਵਾਜ਼ ਵੀ ਮਧੁਰ

ਅਤੇ ਦਿਲ ਨੂੰ ਮੋਹਨ ਵਾਲੀ ਹੁੰਦੀ ਹੈ।

**ਕਰਤਾਲ:-**

ਕਰਤਾਲਾਂ ਦੀ ਵਰਤੋਂ ਭਜਨ ਕੀਰਤਨ ਵਿਚ ਜ਼ਿਆਦਾ ਹੁੰਦੀ ਹੈ ਇਹ ਦੋ ਤਰ੍ਹਾਂ ਦੀ ਹੁੰਦੀ ਹੈ ਇਕ ਛੋਟੇ ਆਕਾਰ ਦੀ ਜਿਸਨੂੰ ਨਾਗਰ ਕਰਤਾਲ ਕਹਿੰਦੇ ਹਨ ਅਤੇ ਦੂਸਰੀ ਵੱਡੇ ਆਕਾਰ ਦੀ ਹੁੰਦੀ ਹੈ। ਜਿਸਨੂੰ ਵੱਡੀ ਕਰਤਾਲ ਕਹਿੰਦੇ ਹਨ। ਨਾਗਰ ਕਰਤਾਲ ਦੇ ਇਕ ਸਿਰੇ ਨੂੰ ਅੰਗੂਠੇ ਵਿਚ ਅਤੇ ਦੂਸਰੇ ਸਿਰੇ ਵਿਚ ਮੱਧਮਾ ਪਾ ਕੇ ਵਜਾਇਆ ਜਾਂਦਾ ਹੈ। ਵੱਡੀ ਕਰਤਾਲ ਵਿਚ ਇਕ ਸਿਰੇ ਵਿਚ ਅੰਗੂਠਾ ਅਤੇ ਦੂਸਰੇ ਸਿਰੇ ਵਿਚ ਬਾਕੀਆਂ ਉਂਗਲੀਆਂ ਪਾ ਕੇ ਵਜਾਇਆ ਜਾਂਦਾ ਹੈ। ਇਸ ਵਿਚ ਤਾਲ ਲੈਅ ਦਾ ਪੂਰਾ ਆਨੰਦ ਮਿਲਦਾ ਹੈ।

**ਘੁੰਘਰੂ:-**

ਇਹ ਪਿੱਤਲ ਦੇ ਛੋਟੇ-2 ਆਕਾਰ ਦੇ ਗੋਲ-ਗੋਲ ਟੁਕੜੇ ਹੁੰਦੇ ਹਨ, ਜਿਨ੍ਹਾਂ ਨੂੰ ਚਮੜੇ ਜਾਂ ਕਿਸੇ ਸਖਤ ਕੱਪੜੇ ਦੀ ਪੱਟੀ ਤੇ ਟਾਂਕ ਦਿੱਤਾ ਜਾਂਦਾ ਹੈ। ਕਈ ਕਲਾਕਾਰ ਅਸ਼ਟ ਧਾਤੂ ਦੇ ਹੀ ਘੁੰਘਰੂ ਬਣਵਾਉਂਦੇ ਹਨ। ਘੁੰਘਰੂ ਦੀ ਵਰਤੋਂ ਜ਼ਿਆਦਾਤਰ ਨਾਚ ਵਿਚ ਕੀਤੀ ਜਾਂਦੀ ਹੈ। ਘੁੰਘਰੂ ਦੀ ਮਦਦ ਨਾਲ ਨਾਚਕਾਰ ਦੇ ਨਾਚ ਦੀ ਲੈਅ ਨੂੰ ਚਾਰ ਚੰਦ ਲੱਗ ਜਾਂਦੇ ਹਨ ਘੁੰਗਰੂਆਂ ਦੀ ਛਮ-2 ਲੈਅਕਾਰੀ ਤਬਲਾ, ਮਰਦੰਗ, ਢੋਲ ਨਗਾਰੇ ਦੇ ਤਾਲਾਂ ਨੂੰ ਪੇਸ਼ ਕਰਨ ਵਿਚ ਮਦਦ ਕਰਦੀ ਹੈ। ਆਰਕੈਸਟਰਾ ਜਾਂ ਸਮੂਹ ਗਾਨ ਵਿਚ ਵੀ ਕਈ ਵਾਰ ਘੁੰਗਰੂਆਂ ਦੇ ਇਕ-2 ਵਾਦਨ ਕੀਤਾ ਜਾਂਦਾ ਹੈ। ਇਸ ਵਿਚ ਵਾਦਕ ਹੱਥ ਵਿਚ ਘੁੰਘਰੂਆਂ ਦੀ ਪੱਟੀ ਨੂੰ ਫੜ ਕੇ ਉਸਨੂੰ ਦੂਜੇ ਹੱਥ ਤੇ ਮਾਰ ਕੇ ਤਾਲ ਲੈਅ ਪੇਸ਼ ਕੀਤੀ ਜਾਂਦੀ ਹੈ।